C. S. (Main) Exam : 2012

Serial No. [ ] **E-DTN–M–JMD–16**

# PUNJABI

**(Compulsory)**

*Time Allowed : Three Hours* | *Maximum Marks : 300*

## INSTRUCTIONS

*Candidates should attempt* ***ALL*** *questions.*

*The number of marks carried by each question is indicated at the end of the question.*

*Answers must be written in* ***Punjabi*** *(Gurmukhi Script) unless otherwise directed.*

*In the case of Question No. 3, marks will be deducted if the précis is beyond a reasonable range from the prescribed word-limit. The précis must be attempted* ***only*** *on the précis sheet(s) provided separately. The précis sheets are to be attached securely to the answer book by the candidate.*

***Important :*** **Whenever a Question is being attempted, all its parts/sub-parts must be attempted contiguously. This means that before moving on to the next Question to be attempted, candidates must finish attempting all parts/sub-parts of the previous Question attempted. This is to be strictly followed.**

*Pages left blank in the answer-book are to be clearly struck out in ink. Any answers that follow pages left blank may not be given credit.*

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਪਰ 300 ਸ਼ਬਦਾਂ ਵਿਚ ਨਿਬੰਧ ਲਿਖੋ :— 100

   (i) ਭਾਰਤ : ਵਪਾਰਿਕ ਵਿਕਾਸ ਦਾ ਇੱਕ ਉਭਰਦਾ ਹੋਇਆ ਖੇਤਰ।

   (ii) ਔਰਤਾਂ ਲਈ ਸਾਡੇ ਮਹਾਂਨਗਰ ਕਿੰਨੇ ਕੁ ਸੁਰਖ਼ਿਅਤ ਹਨ ?

   (iii) ਵਨ-ਜੀਵਾਂ ਦੀ ਸੁਰੱਖਿਆ ਅਤੇ ਸੰਭਾਲ।

   (iv) ਭਾਰਤ ਵਿਚ ਵਿਵਸਾਇਕ (Vocational) ਸਿਖਿਆ।

   (v) ਫਿਲਮਾਂ ਦਾ ਮਿਥਕ ਸੰਸਾਰ।

2. ਹੇਠ ਲਿਖੇ ਪੈਰਿਆਂ ਨੂੰ ਧਿਆਨ ਨਾਲ ਪੜ੍ਹੋ ਅਤੇ ਅੰਤ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿਚ ਉੱਤਰ ਦਿਓ :— 6×10=60

   ਬਹੁਤੇ ਪਾਠਕ ਸਿਰਫ ਵਕਤੀ ਮਨੋਰੰਜਨ ਜਾਂ ਤਨਾਓ-ਮੁਕਤੀ ਲਈ ਪੜ੍ਹਦੇ ਹਨ, ਜਿਹੜੀ ਉਨ੍ਹਾਂ ਨੂੰ ਪੁਸਤਕ ਦੇਂਦੀ ਹੈ। ਦੂਜੇ ਸ਼ਬਦਾਂ ਵਿਚ ਉਹ ਸਿਰਫ ਸਮਾਂ ਬਿਤਾਉਣ ਲਈ ਹੀ ਪੜ੍ਹਦੇ ਹਨ। ਵਕਤ, ਜਿਸ ਬਾਰੇ ਆਮ ਤੌਰ ਤੇ ਕਿਹਾ ਜਾਂਦਾ ਹੈ, ਬਹੁਤ ਕੀਮਤੀ ਖਜ਼ਾਨਾ ਹੈ, ਇਸ ਖਜ਼ਾਨੇ ਨੂੰ ਬਹੁਤੇ ਪਾਠਕ ਵਿਅਰਥ ਹੀ ਗਵਾ ਦੇਂਦੇ ਹਨ। ਵਿਸ਼ਵਾਸ ਨਹੀਂ ਹੁੰਦਾ ਪਰ, ਸਮਾਂ ਉਨ੍ਹਾਂ ਲਈ ਬਹੁਤ ਬੋਝਲ ਹੋ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਪਤਾ ਚਲਦਾ ਹੈ ਕਿ ਸਮੇਂ ਦੇ ਬੋਝ ਤੋਂ ਉਨ੍ਹਾਂ ਨੂੰ ਪੁਸਤਕਾਂ ਛੁਟਕਾਰਾ ਦਿਵਾ ਸਕਦੀਆਂ ਹਨ, ਅਤੇ ਇਸੇ ਕਰਕੇ ਉਹ ਪੁਸਤਕਾਂ ਪੜ੍ਹਦੇ ਹਨ। ਇਹ ਬੜਾ ਸਪੱਸ਼ਟ ਹੈ ਕਿ ਇਸ ਪ੍ਰਯੋਜਨ ਤੋਂ ਇਲਾਵਾ ਉਹ ਕਿਸੇ ਹੋਰ ਪ੍ਰਯੋਜਨ ਲਈ ਨਹੀਂ ਪੜ੍ਹ ਸਕਦੇ। ਜੇ ਉਹ ਕਿਸੇ ਹੋਰ ਪ੍ਰਯੋਜਨ ਲਈ ਪੜ੍ਹਦੇ ਹੁੰਦੇ ਤਾਂ ਉਨ੍ਹਾਂ ਨੂੰ ਕੁਝ ਹੋਰ ਹਾਸਿਲ ਹੋ ਸਕਦਾ ਸੀ, ਪਰ ਇਹ ਲਗਦਾ ਨਹੀਂ ਕਿ ਉਹ ਕੁਝ ਹੋਰ ਹਾਸਿਲ

ਕਰਦੇ ਹਨ। ਹੋ ਸਕਦਾ ਹੈ ਉਨ੍ਹਾਂ ਦੀ ਪੜ੍ਹਾਈ ਉਨ੍ਹਾਂ ਤੇ ਕੋਈ ਥੋੜਾ ਬਹੁਤ ਪ੍ਰਭਾਵ ਪਾਉਂਦੀ ਵੀ ਹੋਵੇ, ਪਰ ਜੇ ਉਹ ਪ੍ਰਭਾਵਿਤ ਹੁੰਦੇ ਹਨ ਤਾਂ ਇਸ ਵਲੋਂ ਉਹ ਅਣਜਾਣ ਹਨ ਅਤੇ ਜਦੋਂ ਅਸੀਂ ਅਣਜਾਣੇ ਵਿਚ ਪ੍ਰਭਾਵਿਤ ਹੁੰਦੇ ਹਾਂ ਤਾਂ ਹੋ ਸਕਦਾ ਹੈ ਕਿ ਉਹ ਪ੍ਰਭਾਵ ਲਾਭਕਾਰੀ ਹੋਵੇ ਜਾਂ ਹਾਨੀਕਾਰਕ ਵੀ ਹੋ ਸਕਦਾ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਉਹ ਚੇਤਨ ਤੌਰ ਤੇ ਕੁਝ ਵੀ ਗ੍ਰਹਿਣ ਨਹੀਂ ਕਰਦੇ, ਇਸਦਾ ਸਬੂਤ ਇਹੀ ਹੈ ਕਿ ਉਨ੍ਹਾਂ ਨੇ ਜੋ ਪੜ੍ਹਿਆ ਹੈ ਉਸ ਬਾਰੇ ਉਹ ਕੁਝ ਵੀ ਦਸ ਨਹੀਂ ਸਕਦੇ।

(i) ਲੇਖਕ ਪਾਠਕਾਂ ਬਾਰੇ ਕੀ ਕਹਿੰਦਾ ਹੈ, ਬਹੁਤੇ ਲੋਕ ਕਿਉਂ ਪੜ੍ਹਦੇ ਹਨ ?

(ii) ਲੇਖਕ ਇਹ ਕਿਉਂ ਮਹਿਸੂਸ ਕਰਦਾ ਹੈ ਕਿ ਪਾਠਕ ਆਪਣੇ ਸਮੇਂ ਦੀ ਕੀਮਤ ਨਹੀਂ ਜਾਣਦੇ ?

(iii) ਇਹ ਕਿਸ ਤਰ੍ਹਾਂ ਪਤਾ ਚਲਦਾ ਹੈ ਕਿ ਪਾਠਕਾਂ ਦੇ ਸਮੇਂ ਦਾ ਸਹੀ ਇਸਤੇਮਾਲ ਨਹੀਂ ਹੋਇਆ ?

(iv) ਪੜ੍ਹਨਾ ਖਤਮ ਕਰ ਲੈਣ ਤੋਂ ਬਾਅਦ, ਲੇਖਕ ਕੀ ਚਾਹੁੰਦਾ ਹੈ ਕਿ, ਪਾਠਕ ਕੀ ਕਰੇ ?

(v) ਬੇਧਿਆਨੇ ਪੜ੍ਹਨ ਪ੍ਰਤੀ ਲੇਖਕ ਦੀ ਬੇਰੁਖੀ ਕਿਉਂ ਹੈ ?

(vi) ਲੇਖਕ ਕਿਸ ਕਿਸਮ ਦੇ ਪਾਠਕ ਚਾਹੁੰਦਾ ਹੈ ?

3. ਹੇਠ ਦਿੱਤੇ ਵਾਰਤਕ-ਅੰਸ਼ ਦਾ ਸੰਖੇਪ-ਸਾਰ ਇਕ ਤਿਹਾਈ ਸ਼ਬਦਾਂ ਵਿਚ ਕਰੋ। ਸਿਰਲੇਖ ਸੁਝਾਉਣਾ ਜ਼ਰੂਰੀ ਨਹੀਂ। ਸ਼ਬਦ-ਸੀਮਾ ਅਨੁਰੂਪ ਸੰਖੇਪ-ਸਾਰ ਨਾ ਲਿਖਣ ਉੱਪਰ ਅੰਕ ਕੱਟੇ ਜਾਣਗੇ। ਸੰਖੇਪ-ਸਾਰ ਵਖਰੀਆਂ ਦਿੱਤੀਆਂ ਗਈਆਂ ਸ਼ੀਟਾਂ ਉੱਤੇ ਹੀ ਕੀਤਾ ਜਾਵੇ ਅਤੇ ਉਨ੍ਹਾਂ

ਸ਼ੀਟਾਂ ਨੂੰ ਉੱਤਰ-ਕਾਪੀ ਦੇ ਅੰਦਰਵਾਰ ਚੰਗੀ ਤਰ੍ਹਾਂ ਨੱਥੀ ਕੀਤਾ ਜਾਵੇ :— 60

ਪਾਣੀ ਧਰਤੀ ਉੱਤੇ ਪਾਇਆ ਜਾਣ ਵਾਲਾ ਆਮ ਅਤੇ ਵਿਸਤਰਿਤ ਪਦਾਰਥ ਹੈ ਅਤੇ ਇਹ ਧਰਤੀ ਦੇ 70 ਪ੍ਰਤੀਸ਼ਤ ਹਿੱਸੇ ਉਪਰ ਫੈਲਿਆ ਹੋਇਆ ਹੈ। ਵਿਸ਼ਵ ਪਧਰ ਉਪਰ ਸਮੁੱਚਾ ਪਾਣੀ 1.386 ਬਿਲੀਅਨ ਕਿਉਬਿਕ ਕਿਲੋਮੀਟਰ ਹੈ। ਇਸ ਵਿਚੋਂ 97 ਪ੍ਰਤੀਸ਼ਤ ਪਾਣੀ ਖਾਰਾ ਹੈ ਅਤੇ ਵਰਤੇ ਜਾਣ ਯੋਗ ਨਹੀਂ। ਬਚਿਆ ਲਗਭਗ 3 ਪ੍ਰਤੀਸ਼ਤ ਪਾਣੀ ਤਾਜ਼ਾ ਪਾਣੀ ਹੈ। ਪਰ ਇਸ ਪਾਣੀ ਦਾ 68.5 ਪ੍ਰਤੀਸ਼ਤ ਗਲੇਸ਼ਿਅਰਾਂ, ਪੱਕੀ ਬਰਫ, ਨਾ ਪਿਘਲਣ ਵਾਲੀ ਬਰਫ਼ ਦੇ ਰੂਪ ਵਿਚ ਹੈ ਜਿਹੜਾ ਸਾਨੂੰ ਪ੍ਰਾਪਤ ਨਹੀਂ ਹੋ ਸਕਦਾ। ਲਗਭਗ 30 ਪ੍ਰਤੀਸ਼ਤ ਪਾਣੀ ਧਰਾਤਲੀ ਪਾਣੀ ਹੈ ਜਿਸਦਾ 0.9% ਨਦੀਆਂ, ਝਰਨਿਆਂ ਅਤੇ ਝੀਲਾਂ ਵਿਚ ਹੈ। ਅਸੀਂ ਉਸ ਪਾਣੀ ਉਪਰ ਨਿਰਭਰ ਕਰਦੇ ਹਾਂ ਜਿਸ ਵਿਚੋਂ 70 ਕਿਉਬਿਕ ਕਿਲੋਮੀਟਰ ਰੋਜਾਨਾ ਸਾਨੂੰ ਨਦੀਆਂ, ਝਰਨਿਆਂ ਅਤੇ ਝੀਲਾਂ ਵਿਚੋਂ ਮਿਲਦਾ ਹੈ ਅਤੇ 70 ਕਿਉਬਿਕ ਕਿਲੋਮੀਟਰ ਰੋਜ਼ਾਨਾ ਧਰਤੀ ਹੇਠਲੇ ਜਲ-ਭੰਡਾਰਾਂ ਵਿਚੋਂ ਆਉਂਦਾ ਹੈ। ਹਜਾਰਾਂ ਸਾਲਾਂ ਤੋਂ ਇਹ ਸਪਲਾਈ ਨਿਰੰਤਰ ਚਲ ਰਹੀ ਹੈ। ਪਰ, ਪਿਛਲੇ ਕੁਝ ਦਹਾਕਿਆਂ ਤੋਂ ਇਸ ਦੀ ਮੰਗ ਬੜੀ ਤੇਜ਼ੀ ਨਾਲ ਵਧ ਰਹੀ ਹੈ। ਇਸ ਵਧ ਰਹੀ ਮੰਗ ਦਾ ਕਾਰਣ ਹੈ ਵਧ ਰਿਹਾ ਘਰੇਲੂ ਇਸਤੇਮਾਲ, ਖੇਤੀ ਅਤੇ ਉਦਯੋਗਿਕ ਗਤੀਵਿਧੀਆਂ ਵਿਚ ਵਾਧਾ। 1940 ਵਿਚ ਜਦੋਂ ਵਿਸ਼ਵ ਦੀ ਜਨ-ਸੰਖਿਆ ਦੋ ਬਿਲੀਅਨ ਸੀ, ਉਸ ਸਮੇਂ ਪਾਣੀ ਦੀ ਸਾਲਾਨਾ ਪ੍ਰਤੀ ਵਿਅਕਤੀ ਮੰਗ 1,000 ਕਿਉਬਿਕ ਮੀਟਰ ਤੋਂ ਵੀ ਘਟ ਸੀ। 2000 ਤੱਕ ਇਹ ਜਨਸੰਖਿਆ 6 ਬਿਲੀਅਨ ਤੱਕ ਪਹੁੰਚ ਗਈ ਅਤੇ ਪ੍ਰਤੀ ਵਿਅਕਤੀ ਪਾਣੀ ਦੀ ਮੰਗ ਵੀ 6000 ਕਿਉਬਿਕ

 (Contd.)

ਮੀਟਰ ਤੱਕ ਪਹੁੰਚ ਗਈ। ਇਸ ਨਾਲ ਵਰਤੇ ਜਾ ਸਕਣ ਵਾਲੇ ਪਾਣੀ ਦੇ ਸਰੋਤਾਂ ਉਪਰ ਵੀ ਦਬਾਅ ਵਧਿਆ, ਖਾਸ ਕਰਕੇ ਉਥੇ ਜਿਥੇ ਵੱਸੋਂ ਜ਼ਿਆਦਾ ਸੀ ਅਤੇ ਪਾਣੀ ਘੱਟ। ਤਾਜੇ ਪਾਣੀ ਦੀ 70% ਮੰਗ ਖੇਤੀ ਦੇ ਖੇਤਰ ਵਿਚ ਹੈ ਅਤੇ ਉਸ ਤੋਂ ਬਾਅਦ ਇੰਡਸਟਰੀ (22%) ਅਤੇ ਘਰੇਲੂ ਵਰਤੋਂ (8%)। ਸਾਫ ਸਵੱਸ਼ ਪਾਣੀ ਲਗਾਤਾਰ ਘਟ ਰਿਹਾ ਹੈ ਕਿਉਂਕਿ ਸੰਸਾਰ ਦੀ ਜਨਸੰਖਿਆ ਲਗਾਤਾਰ ਵਿਸਫੋਟਕ ਹੁੰਦੀ ਜਾ ਰਹੀ ਹੈ ਅਤੇ ਪਾਣੀ ਦੀ ਮੰਗ ਵੀ ਵਧਦੀ ਜਾ ਰਹੀ ਹੈ। ਪਹਿਲਾਂ ਹੀ ਪ੍ਰਾਪਤ ਪਾਣੀ ਦਾ ਅੱਧਾ ਹਿੱਸਾ ਹਰ ਸਾਲ ਵਰਤਿਆ ਜਾਂਦਾ ਹੈ। ਜਨਸੰਖਿਆ ਦੇ ਵਾਧੇ ਅਤੇ ਵਧਦੀ ਹੋਈ ਮੰਗ ਕਾਰਣ 2050 ਤੱਕ ਇਹ ਮੰਗ 74% ਤਕ ਜਾ ਸਕਦੀ ਹੈ। ਜੇ ਹਰ ਜਗਾਹ ਲੋਕੀਂ ਏਨਾ ਪਾਣੀ ਪੀਣ ਜਿੰਨਾ ਕਿ ਇਕ ਔਸਤ ਅਮਰੀਕੀ, ਜੋ ਪਾਣੀ ਦੇ ਮਾਮਲੇ ਵਿਚ ਸਭ ਤੋਂ ਵੱਡੇ ਪੇਟੂ ਸਮਝੇ ਜਾਂਦੇ ਹਨ, ਤਾਂ ਵਰਤੋਂ ਦਾ ਪੱਧਰ 90% ਤੱਕ ਵੀ ਜਾ ਸਕਦਾ ਹੈ। ਪਾਣੀ ਦੀ ਸੁਪਲਾਈ ਦੇ ਮਾਮਲੇ ਵਿਚ ਇੱਕ ਮਹਤਵਪੂਰਨ ਪੱਖ ਇਹ ਵੀ ਹੈ ਕਿ ਇਸ ਦੇ ਸੋਮੇਂ ਸਾਰੇ ਵਿਸ਼ਵ ਵਿੱਚ ਇਕੋ ਜਹੇ ਨਹੀਂ ਹਨ। ਇਥੇ ਪਾਣੀ ਦੇ ਮਾਮਲੇ ਵਿਚ ਅਮੀਰ ਮੁਲਕ ਵੀ ਹਨ ਅਤੇ ਗਰੀਬ ਵੀ। ਦੇਸ਼ਾਂ ਵਿਚ ਪ੍ਰਤੀ ਵਿਅਕਤੀ ਪਾਣੀ ਦੀ ਉਪਲੱਭਤਾ 10,767 ਮਿਲੀਅਨ ਕਿਉਬਿਕ ਮੀਟਰ (ਗਰੀਨਲੈਂਡ) ਤੋਂ ਕੇਵਲ 10 ਕਿਉਬਿਕ ਮੀਟਰ (Kuwait) ਤਕ ਹੈ। 1951 ਵਿੱਚ ਭਾਰਤ ਵਿਚ ਪਾਣੀ ਦੀ ਉਪਲੱਭਤਾ ਸਾਲਾਨਾ ਪ੍ਰਤੀ ਵਿਅਕਤੀ 5177 ਕਿਉਬਿਕ ਮੀਟਰ ਸੀ। 2001 ਵਿਚ ਇਹ ਘਟ ਕੇ 1820 ਕਿਉਬਿਕ ਮੀਟਰ ਰਹਿ ਗਈ ਹੈ, ਇਸ ਤਰ੍ਹਾਂ ਹੁਣ ਭਾਰਤ ਪਾਣੀ ਦੇ ਮਾਮਲੇ ਵਿਚ ਗਰੀਬ ਦੇਸ਼ਾਂ ਵਿਚ ਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ 2025 ਤੱਕ ਪ੍ਰਤੀ ਵਿਅਕਤੀ ਉਪਲੱਭਤਾ ਹੋਰ ਘਟ ਕੇ 1340 ਕਿਉਬਿਕ ਮੀਟਰ ਰਹਿ ਜਾਵੇਗੀ।



(Contd.)

ਦੁਨੀਆਂ ਦੀਆਂ ਬਹੁਤ ਸਾਰੀਆਂ ਵੱਡੀਆਂ ਨਦੀਆਂ ਅਤੇ ਉਨ੍ਹਾਂ ਦੀਆਂ ਉਪਨਦੀਆਂ ਇੱਕ ਤੋਂ ਵੱਧ ਮੁਲਕਾਂ ਵਿਚੋਂ ਦੀ ਵਗਦੀਆਂ ਗੁਜ਼ਰਦੀਆਂ ਹਨ। ਮਿਸਾਲ ਦੇ ਤੌਰ ਤੇ ਗੰਗਾ ਅਤੇ ਇਸਦੀਆਂ ਉਪਨਦੀਆਂ ਨੇਪਾਲ, ਭਾਰਤ ਅਤੇ ਬੰਗਲਾਦੇਸ਼ ਵਿਚੋਂ ਵਗਦੀਆਂ ਲੰਘਦੀਆਂ ਹਨ ਅਤੇ ਇੰਨਡਸ ਅਤੇ ਇਸ ਵਿਚੋਂ ਨਿਕਲਣ ਵਾਲੀਆਂ ਨਦੀਆਂ ਭਾਰਤ ਅਤੇ ਪਾਕਿਸਤਾਨ ਵਿਚੋਂ ਲੰਘਦੀਆਂ ਹਨ। Danube. ਜਰਮਨੀ ਤੋਂ ਨਿਕਲ ਕੇ ਆਸਟਰੀਆ, ਬੁਲਗਾਰੀਆ, ਮੋਲਦਾਵੀਆ ਅਤੇ ਯੂਕਰੇਨ ਵਿਚੋਂ ਦੀ ਵਗਦੀ ਹੈ। Zambeze, ਜਾਂਬੀਆ, ਅੰਗੋਲਾ, ਨਾਮੀਬੀਆ, ਬੋਤਸਵਾਨਾ, ਜਿੰਮਬਾਬਵੇ ਅਤੇ ਮੋਜ਼ਮਬੀਕ ਵਿਚੋਂ ਵੀ ਵਗਦੀ ਨਿਕਲਦੀ ਹੈ। Nile, ਜਿਸ ਨੂੰ ਇਜਿਪਟ ਦੀ ਜੀਵਨ ਰੇਖਾ ਕਿਹਾ ਜਾਂਦਾ ਹੈ, ਇਨ੍ਹਾਂ ਅੱਠ ਹੋਰ ਰਾਸ਼ਟਰਾਂ ਵਿਚੋਂ ਨਿਕਲਦੀ ਹੈ— ਸੁਡਾਨ, ਈਥੋਪੀਆ, ਕੀਨੀਆ, ਰਵਾਂਨਦਾ , ਬਰੂੰਦੀ , ਯੁਗਾਂਡਾ, ਤਨਜ਼ਾਨੀਆ ਅਤੇ ਜ਼ੈਰੇ। ਜਦੋਂ ਇੱਕ ਨਦੀ ਇੱਕ ਤੋਂ ਵਧ ਮੁਲਕਾਂ ਵਿਚੋਂ ਹੁੰਦੀ ਗੁਜ਼ਰਦੀ ਹੈ ਤਾਂ ਪਾਣੀ ਦੇ ਬਟਵਾਰੇ ਲਈ ਸੰਬੰਧਿਤ ਮੁਲਕਾਂ ਵਿਚਾਲੇ ਹਮੇਸ਼ਾਂ ਵਿਵਾਦ ਹੋਇਆ ਹੈ। ਇਸ ਤਰ੍ਹਾਂ ਦੇ ਵਿਵਾਦਾਂ ਦਾ ਇਤਿਹਾਸ 3000 B.C. ਪਿੱਛੇ ਤੱਕ ਚਲਾ ਜਾਂਦਾ ਹੈ, ਇਥੇ ਸੰਬੰਧਿਤ ਧਿਰਾਂ ਹਨ—ਦਖਣੀ ਅਤੇ ਸੈਂਟਰਲ ਏਸ਼ੀਆ, ਸੈਂਟਰਲ ਯੂਰਪ ਅਤੇ ਮਧ ਏਸ਼ੀਆ। ਖੇਤੀ, ਸਨਅਤਾਂ ਅਤੇ ਘਰੇਲੂ ਇਸਤੇਮਾਲ ਵਿੱਚ ਵਧਦੀ ਹੋਈ ਮੰਗ ਦੇ ਨਾਲ-ਨਾਲ ਇਹ ਵਿਵਾਦ ਬਹੁਤ ਗੰਭੀਰ ਰੂਪ ਅਖ਼ਤਿਆਰ ਕਰਦੇ ਜਾ ਰਹੇ ਹਨ ਅਤੇ ਕਈ ਵਾਰ ਤਾਂ ਇਹ ਵਿਵਾਦ ਹਮਲੇ ਵਰਗੀ ਸਥਿਤੀ ਤਕ ਪਹੁੰਚ ਜਾਂਦੇ ਹਨ। ਇਕ ਹੀ ਦੇਸ਼ ਵਿਚ ਵਗਣ ਵਾਲੀਆਂ ਨਦੀਆਂ ਦੇ ਪਾਣੀ ਦੇ ਹਿੱਸੇ ਨੂੰ ਵੰਡਣ ਦਾ ਮਾਮਲਾ ਵੀ ਸਥਾਨਕ



(Contd.)

ਅਤੇ ਖੇਤਰੀ ਪਧਰ ਉਪਰ ਬੜਾ ਸੰਵੇਦਨਸ਼ੀਲ ਹੈ। ਰੋਹਿਨੀ ਨਦੀ ਦੇ ਪਾਣੀ ਦੇ ਬਟਵਾਰੇ ਨੂੰ ਲੈ ਕੇ ਸ਼ਾਕਉਂ ਅਤੇ ਕੋਇਆਉਂ ਵਿਚਲੇ ਝਗੜੇ ਨੂੰ ਨਿਪਟਾਉਣ ਲਈ ਗੌਤਮ ਬੁੱਧ (563—483) ਨੂੰ ਦਖਲ ਦੇਣਾ ਪਿਆ ਸੀ।

4. ਹੇਠ ਲਿਖੇ ਪੈਰ੍ਹੇ ਦਾ **ਪੰਜਾਬੀ** ਵਿੱਚ ਅਨੁਵਾਦ ਕਰੋ :— 20

I remember my father starting his day at 4 a.m. by reading the namaz before dawn. After the namaz, he used to walk down to a small coconut grove we owned, about 4 miles from our home. He would return, with about a dozen coconuts tied together thrown over his shoulder, and only then would he have his breakfast. This remained his routine even when he was in his late sixties.

I have throughout my life tried to emulate my father in my own world of science and technology. I have endeavoured to understand the fundamental truths revealed to me by my father, and feel convinced that there exists a divine power that can lift one up from confusion, misery, melancholy and failure, and guide one to one's true place. And once an individual severs his emotional and physical bondage, he is on the road to freedom, happiness and peace of mind.

5. ਹੇਠ ਲਿਖੇ ਪੈਰ੍ਹੇ ਦਾ **ਅੰਗਰੇਜ਼ੀ** ਵਿੱਚ ਅਨੁਵਾਦ ਕਰੋ :— 20

ਹਸਪਤਾਲਾਂ ਦੇ ਜਨਮ ਦਾ ਸੰਬੰਧ ਬਹੁਤ ਪੁਰਾਣੇ ਸਮੇਂ ਨਾਲ ਹੈ, ਈਸਵੀ ਸਦੀ ਤੋਂ ਵੀ ਪਹਿਲਾਂ ਇਸ ਦਿਸ਼ਾ ਵਲ ਮਿਸਰ, ਯੂਨਾਨ ਅਤੇ ਭਾਰਤ ਵਿਚ ਕਦਮ ਚੁੱਕੇ ਗਏ। ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਹੁਣ ਬਹੁਤ ਸਾਰੇ ਵੱਡੇ ਆਮ ਹਸਪਤਾਲ ਹਨ, ਜਿੱਥੇ ਸਾਰੀ ਤਰ੍ਹਾਂ ਦੀਆਂ ਬੀਮਾਰੀਆਂ ਦੇ ਇਲਾਜ ਦੀ ਸੁਵਿਧਾ ਹੈ, ਇਸਦੇ ਨਾਲ ਹੀ ਇਥੇ ਸਿਖਿਆ ਅਤੇ ਖੋਜ ਦੇ ਯੋਗ ਪ੍ਰਬੰਧ ਵੀ ਹਨ। ਬਹੁਤ ਸਾਰੀਆਂ ਛੋਟੀਆਂ ਚਕਿਤਸਾ ਨਾਲ ਸੰਬੰਧਿਤ ਸੰਸਥਾਵਾਂ ਵੀ ਹਨ, ਜੋ ਕਈ ਵਿਸ਼ੇਸ਼ ਬਿਮਾਰੀਆਂ ਦੇ ਇਲਾਜ ਨੂੰ ਸਮਰਪਿਤ ਹਨ ਜਾਂ ਫਿਰ ਇਹ ਔਰਤਾਂ ਅਤੇ ਬੱਚਿਆਂ ਦੇ ਇਲਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਦੀਆਂ ਹਨ। ਇੰਗਲੈਂਡ ਅਤੇ ਅਮਰੀਕਾ ਵਿਚ ਆਮ ਤੌਰ ਤੇ ਹਸਪਤਾਲਾਂ ਨੂੰ ਸਰਕਾਰੀ ਮਾਇਕ ਸਹਾਇਤਾ ਮਿਲਦੀ ਹੈ ਅਤੇ ਰਾਜ ਜਾਂ ਨਗਰ ਪਾਲਿਕਾ ਇਸਦਾ ਸੰਚਾਲਨ ਕਰਦੀਆਂ ਹਨ। ਇਸ ਵਿਧੀ ਨਾਲ ਨਾਂ ਸਿਰਫ ਕੰਮ ਵਿਚ ਆਉਣ ਵਾਲੀਆਂ ਮੁਸ਼ਕਲਾਂ ਦੂਰ ਹੁੰਦੀਆਂ ਹਨ ਅਤੇ ਮਾਇਕ ਮੁਸ਼ਕਲਾਂ ਘੱਟ ਹੁੰਦੀਆਂ ਹਨ, ਸਗੋਂ ਇਸ ਪ੍ਰਕਾਰ ਦੇ ਨੇਮਬੱਧ ਪ੍ਰਬੰਧ ਦੀ ਸਹਾਇਤਾ ਨਾਲ ਸਮੁੱਚੇ ਭਾਈਚਾਰੇ ਨੂੰ ਸਹੂਲਤ ਪ੍ਰਾਪਤ ਹੁੰਦੀ ਹੈ ਅਤੇ ਨਾਲ ਹੀ ਊਰਜਾ ਨੂੰ ਵੀ ਬਚਾਇਆ ਜਾ ਸਕਦਾ ਹੈ। ਪਰ, ਇਸ ਨਾਲ ਨੀਰਸ, ਮਕਾਨਕੀ ਅਤੇ ਨਿਰਜਿੰਦ ਰੁਟੀਨ ਦੀ ਸਥਾਪਤੀ ਹੁੰਦੀ ਹੈ, ਜਿਸ ਨਾਲ ਪ੍ਰਭਾਵੀ ਆਲੋਚਨਾ ਅਤੇ ਫਜ਼ੂਲਖਰਚੀ ਦੀ ਅਣਹੋਂਦ ਕਾਰਣ ਕੰਮ ਕਰਨ ਦੀ ਸਮਰਥਾ ਵੀ ਘਟਦੀ ਹੈ।

6. (ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕੇਵਲ **ਪੰਜ** ਦੇ ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ :— 5×2=10

(i) ਅੱਕਲਾ

(ii) ਚਕਾਈ

(iii) ਜਹਿੜਾ

(iv) ਭੜਾਈ

(v) ਬੁਕਲ

(vi) ਖੁਲਨਾ

(vii) ਅਨਸੁਣਿਆ।

(ਅ) ਹੇਠ ਲਿਖਿਆਂ ਵਿੱਚੋਂ ਕੇਵਲ **ਪੰਜ** ਅਖਾਣਾਂ-ਮੁਹਾਵਰਿਆਂ ਦੇ ਅਰਥ ਦਸ ਕੇ ਵਾਕਾਂ ਵਿੱਚ ਵਰਤੋ :— 5×4=20

(i) ਆਢਾ ਲਾਉਣਾ

(ii) ਘੋਗਲ ਕੰਨਾ ਹੋਣਾ

(iii) ਨੱਕ ਰਖਣਾ

(iv) ਪਾਣੀ ਭਰਨਾ

(v) ਬੰਦੇ ਦਾ ਬੰਦਾ ਦਾਰੂ

(vi) ਅੰਨ੍ਹਾਂ ਕੁੱਤਾ ਵਾ ਨੂੰ ਭੌਂਕੇ

(vii) ਊਠ ਨਾ ਕੁੱਦੇ ਬੋਰੇ ਕੁੱਦੇ।

(ੲ) ਹੇਠ ਲਿਖਿਆਂ ਵਿਚੋਂ ਕੇਵਲ **ਪੰਜ** ਲਈ **ਇਕ** ਸ਼ਬਦ ਦੀ ਵਰਤੋਂ ਕਰੋ :— 5×2=10

(i) ਉਹ ਪਾਠ ਜੋ ਆਰੰਭ ਤੋਂ ਅੰਤ ਤਕ ਅਟੁੱਖ ਕੀਤਾ ਜਾਵੇ।

(ii) ਜਿਹੜਾ ਕਿਸੇ ਕਾਨੂੰਨ ਦੀ ਪ੍ਰਵਾਹ ਨਾ ਕਰੇ।

(iii) ਜਿਹੜਾ ਨਾ ਦਿਸੇ।

(iv) ਦੋ ਪੈਰ ਵਾਲਾ ਜਾਨਵਰ।

(v) ਪਹਿਲਵਾਨਾਂ ਦੇ ਘੋਲ ਦਾ ਵਿਖਾਵਾ।

(vi) ਜਿਹੜਾ ਨੱਕ ਵਿਚ ਬੋਲੇ।

(vii) ਉਚੱਕਿਆਂ ਦੀ ਟੋਲੀ।